ਅਜ਼ ਸਲਤਨਤਿ ਦਹੱਮ (ਗੰਜ-ਨਾਮਾ)

ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ॥
ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ॥ ੧੦੫॥

ਗੁਰੂ ਗੋਬਿੰਦ ਸਿੰਘ ਹੋਰਨਾਂ ਦਾ ਮਦਦਗਾਰ ਹੈ ਅਤੇ ਉਨ੍ਹਾਂ ਨੂੰ ਵਾਹਿਗੁਰੂ ਦੀ ਮਦਦ ਪ੍ਰਾਪਤ ਹੈ।

ਹੱਕ ਰਾ ਗੰਜੂਰ ਗੁਰੁ ਗੋਬਿੰਦ ਸਿੰਘ॥
ਜੁਮਲਾ ਫ਼ੈਜ਼ੋ ਨੂਰ ਗੁਰੁ ਗੋਬਿੰਦ ਸਿੰਘ॥ ੧੦੬॥

ਗੁਰੂ ਗੋਬਿੰਦ ਸਿੰਘ ਜੀ ਵਾਹਿਗੁਰੂ ਦੇ ਖ਼ਜ਼ਾਨਚੀ ਹਨ ਅਤੇ ਰੂਹਾਨੀ ਬਖ਼ਸ਼ਿਸ਼ ਦੇ ਮਾਲਕ ਹਨ।

ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ॥
ਸ਼ਾਹਿ ਸ਼ਾਹਿਨਸ਼ਾਹ ਗੁਰੁ ਗੋਬਿੰਦ ਸਿੰਘ॥ ੧੦੭॥

ਕਲਗੀਧਰ ਜੀ ਵਾਹਿਗੁਰੂ ਦੇ ਚੰਗੇ ਜਾਣੂ ਹਨ ਅਤੇ ਸ਼ਹਿਨਸ਼ਾਹਾਂ ਦੇ ਵੀ ਸ਼ਾਹ ਹਨ।

ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ॥
ਖ਼ਸਮ ਰਾ ਜਾਂ ਕਾਹ ਗੁਰੁ ਗੋਬਿੰਦ ਸਿੰਘ॥ ੧੦੮॥

ਦੋਹਾਂ ਜਹਾਨਾਂ ਦੇ ਪਾਤਸ਼ਾਹ ਹਨ ਅਤੇ ਵੈਰੀਆਂ ਨੂੰ ਜੀਣ ਦੀ ਸੰਸਾ ਪਾ ਦੇਣ ਵਾਲੇ ਯੋਧੇ ਹਨ।

ਫ਼ਾਇਜ਼ੁਲ ਅਨਵਾਰ ਗੁਰੁ ਗੋਬਿੰਦ ਸਿੰਘ॥
ਕਾਸ਼ਫੁਲ ਅਸਰਾਰ ਗੁਰੁ ਗੋਬਿੰਦ ਸਿੰਘ॥ ੧੦੯॥

ਦਸਮੇਸ਼ ਜੀ ਬਖ਼ਸ਼ਿਸ਼ ਦਾ ਨੂਰ ਦੇਣ ਵਾਲੇ ਅਤੇ (ਕਰਤਾਰ ਦੇ) ਭੇਤ ਦੱਸਣ ਵਾਲੇ ਹਨ।

ਆਲਿਮ-ਅਲ ਅਸਤਾਰ ਗੁਰੁ ਗੋਬਿੰਦ ਸਿੰਘ॥
ਅਬਰਿ ਰਹਿਮਤ ਬਾਰ ਗੁਰੁ ਗੋਬਿੰਦ ਸਿੰਘ॥ ੧੧੦॥

ਸਤਿਗੁਰੂ ਸਭ ਦੇ ਪਾਪਾਂ ਤੇ ਪਰਦੇ ਪਾਉਣ ਵਾਲੇ ਅਤੇ ਮਿਹਰਾਂ ਦੇ ਬੱਦਲ ਹਨ।

ਮੁਕਬਲੋ ਮਕਬੂਲ ਗੁਰੁ ਗੋਬਿੰਦ ਸਿੰਘ॥
ਵਾਸਲੋ ਮੌਸੂਲ ਗੁਰੁ ਗੋਬਿੰਦ ਸਿੰਘ॥ ੧੧੧॥

ਪ੍ਰਵਾਨ ਹੋਇਆਂ 'ਚੋਂ ਪ੍ਰਵਾਨ ਸਤਿਗੁਰੂ ਅਤੇ ਵਾਹਿਗੁਰੂ ਤੱਕ ਪਹੁੰਚਿਆ ਹੋਇਆ ਹੈ।

ਜਾਂ ਫ਼ਰੋਜ਼ਿ ਦਹਰ ਗੁਰੁ ਗੋਬਿੰਦ ਸਿੰਘ॥
ਫ਼ੈਜ਼ਿ ਹੱਕ ਰਾ ਬਹਰ ਗੁਰੁ ਗੋਬਿੰਦ ਸਿੰਘ॥ ੧੧੨॥

ਸਤਿਗੁਰੂ ਆਤਮਕ ਗਿਆਨ ਦੀ ਨਦੀ ਹੈ ਅਤੇ ਰੱਬੀ ਬਖ਼ਸ਼ਿਸ਼ਾਂ ਦਾ ਸਾਗਰ।

ਹੱਕ ਰਾ ਮਹਬੂਬ ਗੁਰੁ ਗੋਬਿੰਦ ਸਿੰਘ॥
ਤਾਲਬੋ ਮਤਲੂਬ ਗੁਰੁ ਗੋਬਿੰਦ ਸਿੰਘ॥ ੧੧੩॥

ਰੱਬ ਦਾ ਪਿਆਰਾ ਹੈ ਸਤਿਗੁਰੂ। ਉਹ ਹਰੀ ਦੇ ਖੋਜੀ (ਆਸ਼ਕ) ਵੀ ਹਨ ਅਤੇ ਮਾਸ਼ੂਕ ਵੀ।

ਤੇਗ਼ ਰਾ ਫ਼ੱਤਾਹ ਗੁਰੁ ਗੋਬਿੰਦ ਸਿੰਘ॥
ਜਾਨੋ ਦਿਲ ਰਾ ਰਾਹ ਗੁਰੁ ਗੋਬਿੰਦ ਸਿੰਘ॥ ੧੧੪॥

ਗੁਰੂ ਗੋਬਿੰਦ ਸਿੰਘ ਜੀ ਤਲਵਾਰ ਦੇ ਧਨੀ ਹਨ ਅਤੇ ਘਟ ਘਟ ਦੀ ਜਾਣਨਹਾਰੇ ਹਨ।

ਸਾਹਿਬੇ ਇਕਲੀਲ ਗੁਰੁ ਗੋਬਿੰਦ ਸਿੰਘ॥
ਜ਼ਿੱਲੇ ਹੱਕ ਤਜ਼ਲੀਲ ਗੁਰੁ ਗੋਬਿੰਦ ਸਿੰਘ॥ ੧੧੫॥

ਕਲਗੀਆਂ ਵਾਲਾ ਤਾਜ ਦਾ ਮਾਲਕ ਹੈ ਅਤੇ ਉਨ੍ਹਾਂ ਉੱਤੇ ਪ੍ਰਭੂ ਦੀ ਛਾਂ ਹੈ।

ਖ਼ਾਜ਼ਨੇ ਹਰ ਗੰਜ ਗੁਰੁ ਗੋਬਿੰਦ ਸਿੰਘ॥
ਮਰਹਮੇ ਹਰ ਰੰਜ ਗੁਰੁ ਗੋਬਿੰਦ ਸਿੰਘ॥ ੧੧੬॥

ਉਹ ਸਾਰੇ ਰੱਬੀ ਖ਼ਜ਼ਾਨਿਆਂ ਦੇ ਖ਼ਜ਼ਾਨਚੀ ਹਨ ਅਤੇ ਸਭ ਦੁੱਖਾਂ ਦਾ ਦਾਰੂ ਹਨ।

ਦਾਵਰਿ ਆਫ਼ਾਕ ਗੁਰੁ ਗੋਬਿੰਦ ਸਿੰਘ॥
ਹਰ ਦੋ ਆਲਮ ਤਾਕ ਗੁਰੁ ਗੋਬਿੰਦ ਸਿੰਘ॥ ੧੧੭॥

ਸੰਸਾਰ ਦਾ ਮਾਲਕ ਹੈ ਗੁਰੂ ਗੋਬਿੰਦ ਸਿੰਘ, ਤੇ ਦੋਹਾਂ ਜਹਾਨਾਂ ਵਿਚ ਇਕੋ ਇਕ ਉਹੋ ਲਾਸਾਨੀ ਹਨ।

ਹੱਕ ਖ਼ੁਦ ਵੱਸਾਫ਼ਿ ਗੁਰੁ ਗੋਬਿੰਦ ਸਿੰਘ॥
ਬਰਤਰੀਂ ਔਸਾਫ਼ਿ ਗੁਰੁ ਗੋਬਿੰਦ ਸਿੰਘ॥ ੧੧੮॥

ਖ਼ੁਦਾ ਆਪ ਉਸਤਤ ਕਰਦਾ ਹੈ ਸਤਿਗੁਰੂ ਦੀ, ਉਹ ਵੱਡਿਆਂ ਗੁਣਾਂ ਵਾਲੇ ਹਨ।

ਖ਼ਾਸਗਾਂ ਦਰ ਪਾਇ ਗੁਰੁ ਗੋਬਿੰਦ ਸਿੰਘ॥
ਕੁਦਸੀਆਂ ਬਾਰਾਇ ਗੁਰੁ ਗੋਬਿੰਦ ਸਿੰਘ॥ ੧੧੯॥

ਖ਼ਾਸ ਕਬੂਲੇ ਹੋਏ ਲੋਕ ਚਰਨਾਂ ਤੇ ਡਿੱਗਦੇ ਹਨ, ਅਤੇ ਦੇਵਤੇ ਵੀ ਉਪਦੇਸ਼ ਲੈਂਦੇ ਹਨ ਉਨ੍ਹਾਂ ਤੋਂ।

ਮੁਕਬਲਾਂ ਮੱਦਾਹਿ ਗੁਰੁ ਗੋਬਿੰਦ ਸਿੰਘ॥
ਜਾਨੋ ਦਿਲ ਰਾ ਰਾਹ ਗੁਰੁ ਗੋਬਿੰਦ ਸਿੰਘ॥ ੧੨੦॥

ਪਰਵਾਨ ਹੋਏ ਸਤਿਗੁਰੂ ਦੀ ਕੀਰਤੀ ਕਰਦੇ ਹਨ; ਸਤਿਗੁਰੂ ਘਟ ਘਟ ਦੇ ਜਾਨਣਹਾਰ ਹਨ।

ਲਾ-ਮਕਾਂ ਪਾਬੋਸਿ ਗੁਰੁ ਗੋਬਿੰਦ ਸਿੰਘ॥
ਬਰ ਦੋ ਆਲਮ ਕੋਸਿ ਗੁਰੁ ਗੋਬਿੰਦ ਸਿੰਘ॥ ੧੨੧॥

ਬੈਕੁੰਠ ਵੀ ਚਰਨ ਚੁੰਮਦਾ ਹੈ। ਦੋਹਾਂ ਜਹਾਨਾਂ ਤੇ ਉਨ੍ਹਾਂ ਦਾ ਡੰਕਾ ਵੱਜਦਾ ਹੈ।

ਸਲੁਸ ਹਮ ਮਾਹਕੂਮਿ ਗੁਰੁ ਗੋਬਿੰਦ ਸਿੰਘ॥
ਰੁਬਾਅ ਹਮ ਮਖ਼ਤੂਮਿ ਗੁਰੁ ਗੋਬਿੰਦ ਸਿੰਘ॥ ੧੨੨॥

'ਸੁਲਸ' ਤਿੰਨੇ ਲੋਕ ਉਹਨਾਂ ਦੇ ਅਧੀਨ ਹਨ ਅਤੇ ਸਾਰੇ ਸੰਸਾਰ ਤੇ ਉਨ੍ਹਾਂ (ਦੇ ਹੁਕਮ) ਦੀ ਮੁਹਰ ਹੈ।

ਸੁਦਸ ਹਲਕਾ ਬਗੋਸ਼ਿ ਗੁਰੁ ਗੋਬਿੰਦ ਸਿੰਘ॥
ਦੁਸ਼ਮਨ ਅਫ਼ਗਨ ਜੋਸ਼ਿ ਗੁਰੁ ਗੋਬਿੰਦ ਸਿੰਘ॥ ੧੨੩॥
'ਸੁਦਸ' (ਛੇਵਾਂ ਹਿੱਸਾ) ਵੀ ਸਤਿਗੁਰਾਂ ਦਾ ਸੇਵਕ ਹੈ, ਉਹ ਵੈਰੀ ਦਾ ਜੋਸ਼ ਮੱਠਾ ਕਰ ਦੇਣ ਵਾਲੇ ਹਨ।
ਖ਼ਾਲਸੋ ਬੇਕੀਨਾ ਗੁਰੁ ਗੋਬਿੰਦ ਸਿੰਘ॥
ਹੱਕ ਹੱਕ ਆਈਨਾ ਗੁਰੁ ਗੋਬਿੰਦ ਸਿੰਘ॥ ੧੨੪॥
ਉਹ ਸੱਚੇ ਵਾਹਿਗੁਰੂ ਨੂੰ ਸਮਝਣ ਵਾਲੇ ਹਨ; ਉਹ ਬਾਦਸ਼ਾਹ ਵੀ ਹਨ ਤੇ ਫ਼ਕੀਰ ਵੀ।
ਹੱਕ ਹੱਕ ਅੰਦੇਸ਼ ਗੁਰੁ ਗੋਬਿੰਦ ਸਿੰਘ॥
ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ॥ ੧੨੫॥
ਪਵਿੱਤਰ ਅਤੇ ਨਿਰਵੈਰ ਹਨ ਸਤਿਗੁਰੂ; ਉਹ ਸੱਚੇ ਵਾਹਿਗੁਰੂ ਨੂੰ ਦਿਖਾਣ ਵਾਲੇ ਸ਼ੀਸ਼ਾ ਹਨ।
ਮੁਕਰਮੁਲ-ਫ਼ੱਜ਼ਾਲ ਗੁਰੁ ਗੋਬਿੰਦ ਸਿੰਘ॥
ਮੁਨਿਅਮ-ਅਲ-ਮੁਤਆਲ ਗੁਰੁ ਗੋਬਿੰਦ ਸਿੰਘ॥ ੧੨੬॥
ਬਖ਼ਸ਼ਸ਼ ਅਤੇ ਬਜ਼ੁਰਗੀ ਵਾਲਾ ਸਤਿਗੁਰੂ ਹੈ, ਉਹ ਵੱਡੀਆਂ ਦਾਤਾਂ ਦੇਣ ਵਾਲਾ ਹੈ।
ਕਾਰਮੁਲ-ਕੱਰਾਮ ਗੁਰੁ ਗੋਬਿੰਦ ਸਿੰਘ॥
ਰਾਹਮ-ਅਲ-ਰਹਾਮ ਗੁਰੁ ਗੋਬਿੰਦ ਸਿੰਘ॥ ੧੨੭॥
ਕਲਗੀਧਰ ਪਿਤਾ ਦਾਤਿਆਂ ਦਾ ਦਾਤਾ ਹੈ ਅਤੇ ਮਿਹਰਬਾਨ।
ਨਾਇਮੁਲ-ਮੁਨੀਆਮ ਗੁਰੁ ਗੋਬਿੰਦ ਸਿੰਘ॥
ਫ਼ਾਹਿਮੁਲ-ਫ਼ੱਹਾਮ ਗੁਰੁ ਗੋਬਿੰਦ ਸਿੰਘ॥ ੧੨੮॥
ਬਖ਼ਸ਼ਸ਼ਾਂ ਕਰਨ ਵਾਲਿਆਂ ਨੂੰ ਬਖ਼ਸ਼ਸ਼ ਕਰਨ ਵਾਲਾ ਹੈ ਅਤੇ ਦਾਨਿਆਂ ਤੋਂ ਦਾਨਾ ਹੈ।
ਦਾਇਮੋ ਪਾਇੰਦਹ ਗੁਰੁ ਗੋਬਿੰਦ ਸਿੰਘ॥
ਫ਼ੱਰਖ਼ੋ ਫ਼ਰਖ਼ੰਦਹ ਗੁਰੁ ਗੋਬਿੰਦ ਸਿੰਘ॥ ੧੨੯॥
ਗੁਰੂ ਗੋਬਿੰਦ ਸਿੰਘ ਜੀ ਸਦਾ ਸਲਾਮਤ ਅਤੇ ਅਟੱਲ ਹਨ, ਉਹ ਸੁਹਣਾ ਹੈ ਤੇ ਮੁਬਾਰਕ।
ਫ਼ੈਜ਼ਿ ਸੁਬਹਾਂ ਜ਼ਾਤਿ ਗੁਰੁ ਗੋਬਿੰਦ ਸਿੰਘ॥
ਨੂਰਿ ਹੱਕ ਲਮਆਤਿ ਗੁਰੁ ਗੋਬਿੰਦ ਸਿੰਘ॥ ੧੩੦॥
ਸਤਿਗੁਰੂ ਦੀ ਹਸਤੀ ਰੱਬੀ ਬਖ਼ਸ਼ਸ਼ ਵਾਲੀ ਹੈ ਅਤੇ ਉਹ ਅਕਾਲੀ ਜੋਤ ਦਾ ਚਮਤਕਾਰਾ ਹਨ।
ਸਾਮਆਨੇ ਨਾਮ ਗੁਰੁ ਗੋਬਿੰਦ ਸਿੰਘ॥
ਹੱਕ ਬੀਂ ਜ਼ਿ ਇਨਆਮ ਗੁਰੁ ਗੋਬਿੰਦ ਸਿੰਘ॥ ੧੩੧॥
ਗੁਰੂ ਜੀ ਦਾ ਨਾਮ ਸੁਣਨ ਵਾਲੇ, ਵਾਹਿਗੁਰੂ ਦੇ ਵੇਖਣ ਵਾਲੇ ਹੋ ਗਏ, ਉਹਨਾਂ ਦੀ ਮਿਹਰ ਨਾਲ।
ਵਾਸਫ਼ਾਨਿ ਜ਼ਾਤਿ ਗੁਰੁ ਗੋਬਿੰਦ ਸਿੰਘ॥
ਵਾਸਲ ਅਜ਼ ਬਰਕਾਤਿ ਗੁਰੁ ਗੋਬਿੰਦ ਸਿੰਘ॥ ੧੩੨॥

ਕਲਗੀਧਰ ਜੀ ਗੁਣਾਂ ਦੀ ਮੂਰਤੀ ਹਨ ਅਤੇ ਉਹ ਰਿਧੀਆਂ-ਸਿਧੀਆਂ ਵਿਚ ਅਭੇਦ ਹੋਏ ਹਨ।
ਰਾਕਮਾਨਿ ਵਸਫ਼ਿ ਗੁਰੁ ਗੋਬਿੰਦ ਸਿੰਘ॥
ਨਾਮਵਰ ਅਜ਼ ਲੁਤਫ਼ਿ ਗੁਰੁ ਗੋਬਿੰਦ ਸਿੰਘ॥ ੧੩੩॥
ਗੁਰੂ ਪਾਤਸ਼ਾਹ ਦੇ ਗੁਣ ਗਾਉਣ ਵਾਲੇ ਉਸ ਦੀ ਮਿਹਰ ਨਾਲ ਵਰੋਸਾਏ ਗਏ।
ਨਾਜ਼ਰਾਨਿ ਰੂਇ ਗੁਰੁ ਗੋਬਿੰਦ ਸਿੰਘ॥
ਮਸਤਿ ਹੱਕ ਦਰ ਕੂਇ ਗੁਰੁ ਗੋਬਿੰਦ ਸਿੰਘ॥ ੧੩੪॥
ਜਿਨ੍ਹਾਂ ਸਤਿਗੁਰਾਂ ਦਾ ਦਰਸ਼ਨ ਕੀਤਾ ਉਹ ਉਸ ਦੀ ਗਲੀ ਵਿਚ ਮਸਤਾਨੇ ਹੋ ਗਏ।
ਖ਼ਾਕ ਬੋਸਿ ਪਾਏ ਗੁਰੁ ਗੋਬਿੰਦ ਸਿੰਘ॥
ਮੁਕਬਲ ਅਜ਼ ਆਲਾਏ ਗੁਰੁ ਗੋਬਿੰਦ ਸਿੰਘ॥ ੧੩੫॥
ਦਸਮੇਸ਼ ਜੀ ਦੀ ਚਰਨ ਧੂੜ ਚੁੰਮਣ ਵਾਲੇ, ਉਹਨਾਂ ਦੀਆਂ ਬਖ਼ਸ਼ਿਸ਼ਾਂ ਨਾਲ ਵਰੋਸਾਏ ਗਏ।
ਕਾਦਿਰੇ ਹਰ ਕਾਰ ਗੁਰੁ ਗੋਬਿੰਦ ਸਿੰਘ॥
ਬੇਕਸਾਂ ਰਾ ਯਾਰ ਗੁਰੁ ਗੋਬਿੰਦ ਸਿੰਘ॥ ੧੩੬॥
ਹਰ ਕਾਰਜ ਦੇ ਕਰਤਾ ਹਨ ਸਤਿਗੁਰੂ, ਅਤੇ ਉਹ ਨਿਤਾਣਿਆਂ ਦੇ ਸਹਾਈ ਹਨ।
ਸਾਜਦੋ ਮਸਜੂਦ ਗੁਰੁ ਗੋਬਿੰਦ ਸਿੰਘ॥
ਜੁਮਲਾ ਫ਼ੈਜ਼ੋ ਜੂਦ ਗੁਰੁ ਗੋਬਿੰਦ ਸਿੰਘ॥ ੧੩੭॥
ਆਪ ਸਿਜਦਾ ਕਰਨ ਵਾਲੇ ਅਤੇ ਸਭ ਤੋਂ ਸਿਜਦਾ ਕਰਾਉਣ ਵਾਲੇ, ਸਭ ਮਿਹਰਾਂ ਦੇ ਪੁੰਜ ਹਨ।
ਸਰਵਰਾਂ ਰਾ ਤਾਜ ਗੁਰੁ ਗੋਬਿੰਦ ਸਿੰਘ॥
ਬਰਤਰੀਂ ਮਿਆਰਾਜ ਗੁਰੁ ਗੋਬਿੰਦ ਸਿੰਘ॥ ੧੩੮॥
ਗੁਰੂ ਗੋਬਿੰਦ ਸਿੰਘ ਜੀ ਸਰਦਾਰਾਂ ਦਾ ਤਾਜ ਹਨ, ਉਹ ਉੱਚਿਆਂ ਤੋਂ ਉੱਚੇ ਹਨ।
ਅਸ਼ਰ ਕੁਦਸੀ ਰਾਮਿ ਗੁਰੁ ਗੋਬਿੰਦ ਸਿੰਘ॥
ਵਾਸਫ਼ਿ ਅਕਰਾਮਿ ਗੁਰੁ ਗੋਬਿੰਦ ਸਿੰਘ॥ ੧੩੯॥
ਵੱਡੇ-ਵੱਡੇ ਦੇਵਤੇ ਵੀ ਉਹਨਾਂ ਦੇ ਸੇਵਕ ਹਨ ਅਤੇ ਉਹ ਸਤਿਗੁਰੂ ਦੀ ਸਿਫ਼ਤ ਕਰਦੇ ਹਨ।
ਉੱਮਿ ਕਦਸ ਬੱਕਾਰਿ ਗੁਰੁ ਗੋਬਿੰਦ ਸਿੰਘ॥
ਗ਼ਾਸ਼ੀਆ ਬਰਦਾਰਿ ਗੁਰੁ ਗੋਬਿੰਦ ਸਿੰਘ॥ ੧੪੦॥
ਸ੍ਰੇਸ਼ਟ ਦੇਵੀਆਂ ਵੀ ਸਤਿਗੁਰੂ ਦੇ ਹੁਕਮ ਵਿਚ ਹਨ ਅਤੇ ਉਹ ਉਨ੍ਹਾਂ ਦੀਆਂ ਝਾੜੂ-ਬਰਦਾਰ ਹਨ।
ਕਦਰੋ ਕੁਦਰਤ ਪੇਸ਼ਿ ਗੁਰੁ ਗੋਬਿੰਦ ਸਿੰਘ॥
ਇਨਕੀਆਦ ਅੰਦੇਸ਼ਿ ਗੁਰੁ ਗੋਬਿੰਦ ਸਿੰਘ॥ ੧੪੧॥
ਕੁਦਰਤ ਵੀ ਸਤਿਗੁਰੂ ਦਾ ਸਤਿਕਾਰ ਕਰਦੀ ਹੈ (ਪਰ ਆਪ) ਉਹ ਵਾਹਿਗੁਰੂ ਦੇ ਦਾਸ ਹਨ।
ਤਿਸਾਅ ਉਲਵੀ ਖ਼ਾਕਿ ਗੁਰੁ ਗੋਬਿੰਦ ਸਿੰਘ॥

ਚਾਕਰਿ ਚਾਲਾਕਿ ਗੁਰੁ ਗੋਬਿੰਦ ਸਿੰਘ॥ ੧੪੨॥

ਨੌਂ ਖੰਡ ਵੀ ਸਤਿਗੁਰੂ ਦੀ ਚਰਨ-ਧੂੜ ਹਨ ਅਤੇ ਸਤਿਗੁਰੂ ਜੀ ਦੇ ਹੁਸ਼ਿਆਰ ਸੇਵਾਦਾਰ ਹਨ।

ਤਖ਼ਤਿ ਬਾਲਾ ਜ਼ੇਰਿ ਗੁਰੁ ਗੋਬਿੰਦ ਸਿੰਘ॥

ਲਾ ਮਕਾਨੇ ਸੈਰ ਗੁਰੁ ਗੋਬਿੰਦ ਸਿੰਘ॥ ੧੪੩॥

ਉੱਚਾ ਤਖ਼ਤ ਸਤਿਗੁਰੂ ਦੇ ਹੇਠ ਹੈ ਅਤੇ ਹਰੀ ਦੀ ਦਰਗਾਹ ਵਿਚ ਪਹੁੰਚ ਰੱਖਣ ਵਾਲੇ ਹਨ।

ਬਰਤਰ ਅਜ਼ ਹਰ ਕਦਰ ਗੁਰੁ ਗੋਬਿੰਦ ਸਿੰਘ॥

ਜਾਵਿਦਾਨੀ ਸਦਰ ਗੁਰੁ ਗੋਬਿੰਦ ਸਿੰਘ॥ ੧੪੪॥

ਸਤਿਗੁਰੂ ਹਰ ਗੁਣ ਵਿਚ ਸ੍ਰੇਸ਼ਟ ਹਨ ਅਤੇ ਉਹ ਅਟੱਲ ਪ੍ਰਧਾਨ ਹਨ।

ਆਲਮੇ ਰੌਸ਼ਨ ਜ਼ਿ ਗੁਰੁ ਗੋਬਿੰਦ ਸਿੰਘ॥

ਜਾਨੋ ਦਿਲ ਗੁਲਸ਼ਨ ਜ਼ਿ ਗੁਰੁ ਗੋਬਿੰਦ ਸਿੰਘ॥ ੧੪੫॥

ਸਤਿਗੁਰਾਂ ਤੋਂ ਸੰਸਾਰ ਰੌਸ਼ਨ ਹੈ ਅਤੇ ਦੇਹ ਤੇ ਆਤਮਾ ਸਤਿਗੁਰਾਂ ਤੋਂ ਹੀ ਖਿੜੇ ਹੋਏ ਹਨ।

ਰੋਜ਼ ਅਫ਼ਜ਼ੂੰ ਜਾਹਿ ਗੁਰੁ ਗੋਬਿੰਦ ਸਿੰਘ॥

ਜ਼ੇਬ ਤਖ਼ਤੋ ਗਾਹਿ ਗੁਰੁ ਗੋਬਿੰਦ ਸਿੰਘ॥ ੧੪੬॥

ਸਤਿਗੁਰਾਂ ਦੀ ਤਰੱਕੀ ਦਿਨ ਦੁਗਣੀ ਹੈ ਅਤੇ ਉਹ (ਸਭ ਰਾਜਾਂ) ਦੇ ਤਖ਼ਤਾਂ ਦੀ ਸੁਹੱਪਣ ਹਨ।

ਮੁਰਸ਼ਦੁਲ ਦਾਰੈਨ ਗੁਰੁ ਗੋਬਿੰਦ ਸਿੰਘ॥

ਬੀ-ਨਸ਼ੀ ਹਰ ਐਨ ਗੁਰੁ ਗੋਬਿੰਦ ਸਿੰਘ॥ ੧੪੭॥

ਸਤਿਗੁਰੂ ਦੋ ਜਹਾਨਾਂ ਦੇ ਵਾਲੀ ਹਨ ਅਤੇ ਉਹ ਹਰੇਕ ਅੱਖ ਦੀ ਨਜ਼ਰ ਹਨ।

ਜੁਮਲਾ ਦਰ ਫ਼ੁਰਮਾਨਿ ਗੁਰੁ ਗੋਬਿੰਦ ਸਿੰਘ॥

ਬਰਤਰ ਆਮਦ ਸ਼ਾਨਿ ਗੁਰੁ ਗੋਬਿੰਦ ਸਿੰਘ॥ ੧੪੮॥

ਸਭ ਸ੍ਰਿਸ਼ਟੀ ਸਤਿਗੁਰੂ ਦੀ ਆਗਿਆ ਵਿਚ ਹੈ ਅਤੇ ਉਨ੍ਹਾਂ ਦੀ ਸ਼ੋਭਾ ਸਭ ਤੋਂ ਉੱਚੀ ਹੈ।

ਹਰ ਦੋ ਆਲਮ ਖ਼ੈਲਿ ਗੁਰੁ ਗੋਬਿੰਦ ਸਿੰਘ॥

ਜੁਮਲਾ ਅੰਦਰ ਜ਼ੈਲਿ ਗੁਰੁ ਗੋਬਿੰਦ ਸਿੰਘ॥ ੧੪੯॥

ਦੋਵੇਂ ਜਹਾਨ ਦਸਮੇਸ਼ ਜੀ ਦੀ ਸੈਨਾ ਹਨ, ਅਤੇ ਸਾਰੇ ਹੀ ਸਤਿਗੁਰੂ ਜੀ ਦੀ ਸ਼ਰਨ ਵਿਚ ਹਨ।

ਵਾਹਿਬੁਲ ਵਹਾਬ ਗੁਰੁ ਗੋਬਿੰਦ ਸਿੰਘ॥

ਫ਼ਾਤਿਹੇ ਹਰ ਬਾਬ ਗੁਰੁ ਗੋਬਿੰਦ ਸਿੰਘ॥ ੧੫੦॥

ਉਹ ਦਾਤਿਆਂ ਦਾ ਦਾਤਾ ਹੈ ਅਤੇ ਹਰ ਥਾਂ ਫਤਹਿ ਪਾਉਣ ਵਾਲਾ ਹੈ।

ਸ਼ਾਮਲੁਲ ਅਸ਼ਫ਼ਾਕ ਗੁਰੁ ਗੋਬਿੰਦ ਸਿੰਘ॥

ਕਾਮਲੁਲ ਅਖ਼ਲਾਕ ਗੁਰੁ ਗੋਬਿੰਦ ਸਿੰਘ॥ ੧੫੧॥

ਗੁਰੂ ਗੋਬਿੰਦ ਸਿੰਘ ਜੀ ਬਹੁਤ ਪਿਆਰ ਕਰਨ ਵਾਲੇ ਹਨ ਅਤੇ ਪੂਰੇ ਸ਼ੁਭ ਆਚਾਰ ਵਾਲੇ ਹਨ।

ਰੂਹ ਦਰ ਹਰ ਜਿਸਮ ਗੁਰੁ ਗੋਬਿੰਦ ਸਿੰਘ॥

ਨੂਰ ਦਰ ਹਰ ਚਸ਼ਮ ਗੁਰੁ ਗੋਬਿੰਦ ਸਿੰਘ॥ ੧੫੨॥

ਉਹ ਸਭ ਸਰੀਰਾਂ ਵਿਚ ਆਤਮਾ ਹਨ ਅਤੇ ਸਾਰੀਆਂ ਅੱਖਾਂ ਵਿਚ ਚਾਨਣਾ ਹਨ।

ਜੁਮਲਾ ਰੋਜ਼ੀ ਖ਼ਾਰਿ ਗੁਰੁ ਗੋਬਿੰਦ ਸਿੰਘ॥

ਫ਼ੈਜ਼ਿ ਹੱਕ ਅਮਤਾਰਿ ਗੁਰੁ ਗੋਬਿੰਦ ਸਿੰਘ॥ ੧੫੩॥

ਸਾਰੇ ਰੋਜ਼ੀ ਖਾਂਦੇ ਹਨ ਸਤਿਗੁਰੂ ਤੋਂ, ਉਹ ਰੱਬੀ ਕਿਰਪਾ ਦਾ ਮੀਂਹ ਵਸਾਉਣ ਵਾਲੇ ਹਨ।

ਬਿਸਤੋ ਹਫ਼ਤ ਗਦਾਇ ਗੁਰੁ ਗੋਬਿੰਦ ਸਿੰਘ॥

ਖ਼ਾਕ-ਰੋਬ ਸਰਾਇ ਗੁਰੁ ਗੋਬਿੰਦ ਸਿੰਘ॥ ੧੫੪॥

੨੦ ਤੇ ੭ ਸਿਤਾਰੇ ਸਤਿਗੁਰਾਂ ਦੇ ਮੰਗਤੇ ਹਨ ਅਤੇ ਉਹ ਗੁਰੂ ਦਰਬਾਰ ਦੇ ਝਾੜੂ-ਬਰਦਾਰ ਹਨ।

ਖ਼ੁਮਸੋ ਵਸਫ਼ ਪੈਰਾਇ ਗੁਰੁ ਗੋਬਿੰਦ ਸਿੰਘ॥

ਹਫ਼ਤ ਹਮ ਸ਼ੈਦਾਇ ਗੁਰੁ ਗੋਬਿੰਦ ਸਿੰਘ॥ ੧੫੫॥

ਪੰਜ ਤੱਤ ਵੀ ਸਤਿਗੁਰੂ ਦੀ ਉਸਤਤ ਕਰਦੇ ਹਨ ਤੇ ਸੱਤੇ ਪੀਰ ਵੀ ਉਹਨਾਂ ਤੋਂ ਸਦਕੇ ਹਨ।

ਬਰ ਦੋ ਆਲਮ ਦਸਤਿ ਗੁਰੁ ਗੋਬਿੰਦ ਸਿੰਘ॥

ਜੁਮਲਾ ਉਲਵੀ ਪਸਤਿ ਗੁਰੁ ਗੋਬਿੰਦ ਸਿੰਘ॥ ੧੫੬॥

ਦੋਹਾਂ ਜਹਾਨਾਂ ਤੇ ਸਤਿਗੁਰੂ ਦਾ ਹੀ ਹੱਥ ਹੈ ਅਤੇ ਸਾਰੇ ਉੱਚੇ ਨੀਵੇਂ ਸਤਿਗੁਰੂ ਜੀ ਦੇ ਹਨ।

ਲਾਲ ਸਗੇ ਗ਼ੁਲਾਮਿ ਗੁਰੁ ਗੋਬਿੰਦ ਸਿੰਘ॥

ਦਾਗ਼ਦਾਰਿ ਨਾਮਿ ਗੁਰੁ ਗੋਬਿੰਦ ਸਿੰਘ॥ ੧੫੭॥

ਨੰਦ ਲਾਲ ਕੂਕਰ ਦਾਸ ਹੈ ਦਸਮੇਸ਼ ਜੀ ਦਾ, ਅਤੇ ਉਹਨਾਂ ਦੇ ਨਾਮ ਦੇ ਨਿਸ਼ਾਨ ਵਾਲਾ ਹੈ।

ਕਮਤਰੀਂ ਜ਼ਿ ਸਗਾਨਿ ਗੁਰੁ ਗੋਬਿੰਦ ਸਿੰਘ॥

ਰੇਜ਼ਾ ਚੀਨਿ ਖ਼ਾਨਿ ਗੁਰੁ ਗੋਬਿੰਦ ਸਿੰਘ॥ ੧੫੮॥

ਉਸ ਦੇ ਕੁੱਤਿਆਂ ਤੋਂ ਵੀ ਨੀਵਾਂ ਹਾਂ ਅਤੇ ਸਤਿਗੁਰੂ ਦੇ ਥਾਲਾਂ ਵਿਚ ਭੋਰੇ ਚੁਗਣ ਵਾਲਾ ਹਾਂ।

ਸਾਇਲ ਅਜ਼ ਇਨਆਮੇ ਗੁਰੁ ਗੋਬਿੰਦ ਸਿੰਘ॥

ਖ਼ਾਕ ਪਾਕ ਅਕਦਾਮੇ ਗੁਰੁ ਗੋਬਿੰਦ ਸਿੰਘ॥ ੧੫੯॥

ਗੁਰੂ ਪਾਤਸ਼ਾਹ ਤੋਂ (ਇਕ) ਇਨਾਮ ਦਾ ਮੰਗਤਾ ਹਾਂ, ਉਸ ਦੇ ਪਵਿੱਤਰ ਚਰਨਾਂ ਦੀ ਧੂੜੀ ਦਾ।

ਬਾਦ ਜਾਨਸ਼ ਫ਼ਿਦਾਏ ਗੁਰੁ ਗੋਬਿੰਦ ਸਿੰਘ॥

ਫ਼ਰਕਿ ਓ ਬਰ ਪਾਏ ਗੁਰੁ ਗੋਬਿੰਦ ਸਿੰਘ॥ ੧੬੦॥

(ਹੇ ਵਾਹਿਗੁਰੂ) ਮੇਰੀ ਜਾਨ ਉਨ੍ਹਾਂ ਤੋਂ ਕੁਰਬਾਨ ਹੋਵੇ ਤੇ ਸੀਸ ਕਲਗੀਧਰ ਜੀ ਦੇ ਚਰਨਾਂ ਵਿਚ ਹੋਵੇ।

—ਟੀਕਾਕਾਰ : ਪ੍ਰਿੰ: ਹਰਿਭਜਨ ਸਿੰਘ, ਚੰਡੀਗੜ੍ਹ